ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ

ਤੀਜੀ ਮੰਜ਼ਿਲ, ਮਿੰਨੀ ਸਕੱਤਰੇਤ ਬਠਿੰਡਾ

deose.bathinda@punjabeducation.gov.in

ਪੱਤਰ ਨੰਬਰ :- B-C/2024/7291

ਮਿਤੀ :- ਅ.ਹ./ 11/11/2026

ਵੱਲ,

ਸਮੂਹ ਸਕੂਲ ਮੁਖੀ ਸਾਹਿਬਾਨ,

ਸਹਸ, ਸਸਸਸ, ਬਠਿੰਡਾ।

ਵਿਸ਼ਾ: ਮਿਸ਼ਨ ਰਫਤਾਰ ਅਧੀਨ ਡਿਜ਼ੀਟਲ ਇਨੋਵੇਸ਼ਨ ਫੇਅਰ (Tech Fair 2026-27) ਆਯੋਜਿਤ ਕਰਨ ਸਬੰਧੀ ਗਾਈਡਲਾਈਨਜ਼ ਅਤੇ ਸਮੀਖਿਆ ਕਮੇਟੀ ਬਣਾਉਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਟੇਟ ਕੌਂਸਿਲ ਆਫ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (SCERT) ਪੰਜਾਬ ਵੱਲੋਂ ਜਾਰੀ ਪੱਤਰ ਨੰ. SPC(Computer)/2026/1227537/320478 ਮਿਤੀ - 28.10.2026 ਦੇ ਹਵਾਲੇ ਨਾਲ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ :

1. ਮਿਸ਼ਨ ਰਫਤਾਰ ਅਧੀਨ ਸੈਸ਼ਨ 2026-27 ਦੌਰਾਨ ਜਮਾਤ 9ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀਆਂ ਵਿੱਚ ਨਵੀਨਤਾ, ਸਿਰਜਣਾਤਮਕਤਾ ਅਤੇ ਸਮੱਸਿਆ ਹੱਲ ਕਰਨ ਦੀ ਯੋਗਤਾ ਨੂੰ ਉਤਸ਼ਾਹਿਤ ਕਰਨ ਲਈ ਮਿਤੀ - 18 ਨਵੰਬਰ 2026 ਨੂੰ ਟੀਚਰਜ਼ ਹੋਮ, ਬਠਿੰਡਾ ਵਿਖੇ ਜ਼ਿਲਾ ਪੱਧਰੀ **Digital Innovation Fair (Tech Fair 2026-27)** ਆਯੋਜਨ ਕੀਤਾ ਜਾ ਰਿਹਾ ਹੈ।
2. ਹਰ ਸਕੂਲ ਵੱਲੋਂ 02 ਵਿਦਿਆਰਥੀਆਂ ਦੀ ਟੀਮ ਭਾਗ ਲੈ ਸਕਦੀ ਹੈ। ਮਿਸ਼ਨ ਰਫਤਾਰ ਅਧੀਨ ਚੁਣੇ ਗਏ ਸਕੂਲਾਂ ਦਾ ਭਾਗ ਲੈਣਾ ਜਰੂਰੀ ਹੈ।
3. ਜ਼ਿਲਾ ਪੱਧਰੀ ਫੇਅਰ ਲਈ ਰਜ਼ਿਸਟ੍ਰੇਸ਼ਨ ਕਰਨ ਦੀ ਆਖਰੀ ਮਿਤੀ - 14 ਨਵੰਬਰ 2026 ਹੈ। ਰਜਿਸ਼ਟ੍ਰੇਸ਼ਨ www.missionraftaar.org ਵੈਬ ਪੋਰਟਲ ਤੇ ਕਰਵਾਈ ਜਾ ਸਕਦੀ ਹੈ। ਰਜ਼ਿਸਟ੍ਰੇਸ਼ਨ ਕਰਨ ਵਾਲੀਆਂ ਟੀਮਾਂ ਆਪਣੇ ਪ੍ਰੋਜੈਕਟ ਦੀ ਕਾਰਜ਼ਸ਼ੀਲ ਵੀਡੀਓ ਅਤੇ ਲਿਖਤ/ਪੇਸ਼ਕਾਰੀ ਵੀ ਮਿਤੀ - 14 ਨਵੰਬਰ 2026 ਤੱਕ ਜ਼ਿਲਾ ਨੋਡਲ ਅਫਸਰ, ਮਿਸ਼ਨ ਰਫਤਾਰ ਕੋਲ ਜਮਾਂ ਕਰਵਾਉਣਗੀਆਂ।
4. ਜ਼ਿਲਾ ਪੱਧਰੀ ਮੁਕਾਬਲੇ ਲਈ 20 ਤੋਂ 30 ਸਰਵੋਤਮ ਪ੍ਰੋਜੈਕਟਾਂ ਦੀ ਚੋਣ ਕਰਨ ਲਈ ਹੇਠ ਲਿਖੇ ਅਨੁਸਾਰ 04 ਮੈਂਬਰੀ ਸਮੀਖਿਆ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ:

ਲੜੀ ਨੰ.	ਕਰਮਚਾਰੀ/ਅਧਿਕਾਰੀ ਦਾ ਨਾਮ	ਅਹੁਦਾ	ਕਮੇਟੀ ਵਿੱਚ ਭੂਮਿਕਾ
1.	ਸ੍ਰੀ ਚਮਕੌਰ ਸਿੰਘ	ਉਪ ਜ਼ਿਲਾ ਸਿੱਖਿਆ ਅਫਸਰ (ਸੈ.ਸਿੱ.) ਬਠਿੰਡਾ	ਚੇਅਰਮੈਨ
2.	ਸ੍ਰੀ ਗੁਰਮੀਤ ਸਿੰਘ	ਜ਼ਿਲਾ ਨੋਡਲ ਅਫਸਰ ਮਿਸ਼ਨ ਰਫਤਾਰ / ਡੀ.ਆਰ.ਪੀ. ਕੰਪਿਊਟਰ ਬਠਿੰਡਾ	ਮੈਂਬਰ ਸਕੱਤਰ
3.	ਸ੍ਰੀ ਕੁਲਵਿੰਦਰ ਸਿੰਘ	ਪ੍ਰਿੰਸੀਪਲ, ਸ.ਸ.ਸ.ਸ. ਮੰਡੀ ਕਲਾਂ (ਗ)	ਮੈਂਬਰ
4.	ਸ੍ਰੀ ਪੰਕਜ ਕਾਂਸਲ	ਕੰਪਿਊਟਰ ਫੈਕਲਟੀ, ਸ.ਸ.ਸ.ਸ. ਦਿਉਣ	ਮੈਂਬਰ

5. ਪ੍ਰੋਜੈਕਟਾਂ ਦੀ ਸਮੀਖਿਆ ਹੇਠ ਲਿਖੇ ਪੁਆਇੰਟਾਂ ਦੇ ਅਧਾਰ ਤੇ ਕੀਤੀ ਜਾਵੇਗੀ:

- ❖ ਨਵੀਨਤਾ ਅਤੇ ਸਿਰਜਣਾਤਮਕਤਾ (Innovation & Creativity)
- ❖ ਅਸਲ ਜੀਵਨ ਵਿਚ ਵਰਤੋਂ (Real Life Application)
- ❖ ਕਾਰਜਸ਼ੀਲ ਮਾਡਲ/ਤਕਨੀਕੀ ਲਾਗੂਕਰਨ (Working Model / Technical Implementation)
- ❖ ਸਮੱਸਿਆ ਦਾ ਹੱਲ (Problem Solving)

6. ਜ਼ਿਲਾ ਪੱਧਰ ਤੋਂ ਤਿੰਨ ਸਰਵੋਤਮ ਪ੍ਰੋਜੈਕਟਾਂ ਨੂੰ ਰਾਜ ਪੱਧਰੀ ਫੇਅਰ ਲਈ ਚੁਣਿਆ ਜਾਵੇਗਾ।

7. ਵਿਦਿਆਰਥਣਾਂ ਦੀ ਭਾਗੀਦਾਰੀ ਦੀ ਸਥਿਤੀ ਵਿੱਚ ਉਹਨਾਂ ਦੀ ਸੁਰੱਖਿਆ ਅਤੇ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਮਹਿਲਾ ਅਧਿਆਪਕ ਦੀ ਡਿਊਟੀ ਲਗਾਉਣਾ ਯਕੀਨੀ ਬਣਾਇਆ ਜਾਵੇ।

ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜ਼ਿਲਾ ਪੱਧਰੀ ਫੇਅਰ ਲਈ ਵੱਧ ਤੋਂ ਵੱਧ ਟੀਮਾਂ ਦੀ ਰਜ਼ਿਸਟ੍ਰੇਸ਼ਨ ਕਰਵਾਈ ਜਾਵੇ।

11/11/26

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.),
ਬਠਿੰਡਾ।

P.K
11/11/26